ਸ਼ਹੀਦ ਪਰਿਵਾਰ ਫੰਡ-ਦਾਨੀਆਂ ਦੀ ਸੂਚੀ

ਸਵ. ਸ਼੍ਰੀ ਮਹਿੰਦਰ ਪ੍ਰਤਾਪ ਜੀ ਦੀ 50ਵੀਂ ਬਰਸੀ 'ਤੇ ਪਤਨੀ ਸ਼੍ਰੀਮਤੀ ਕਮਲੇਸ਼ ਗੁਪਤਾ ਨੇ ਪਟਿਆਲਾ ਤੋਂ 25000 ਰੁਪਏ ਭੇਜੇ।

ਸਵ. ਸ਼੍ਰੀ ਰਾਜਪਾਲ ਹਾਂਡਾ ਤੇ ਸ਼੍ਰੀਮਤੀ ਰੂਪ ਰਾਣੀ ਜੀ ਦੀ ਪਵਿੱਤਰ ਯਾਦ 'ਚ ਬੇਟੇ ਸ਼੍ਰੀ ਧਰਮਵੀਰ ਹਾਂਡਾ ਨੇ ਲੁਧਿਆਣਾ ਤੋਂ 5100 ਰੁਪਏ ਭੇਜੇ।

ਲੁਮਡਿੰਗ ਜ਼ਿਲਾ ਅਸਾਮ 'ਚ ਜ਼ਖ਼ਮੀ ਹੋਏ ਰਣਜੀਤ ਸਿੰਘ ਨੂੰ 25 ਹਜ਼ਾਰ ਰੁਪਏ ਦੀ ਐੱਫ. ਡੀ. ਆਰ. ਦਿੰਦੇ ਹੋਏ ਸ਼ਹੀਦ ਪਰਿਵਾਰ ਫੰਡ ਦੇ ਟਰੱਸਟੀ ਮੰਗਤ ਰਾਮ ਪਾਸਲਾ।

ਸ਼੍ਰੀਮਤੀ ਕਮਲੇਸ਼ ਗੁਪਤਾ, ਪਟਿਆਲਾ	25,000.00
ਸ਼੍ਰੀ ਧਰਮਵੀਰ ਹਾਂਡਾ, ਲੁਧਿਆਣਾ	5100.00
ਰਸੀਦ ਨੰ. 59638 ਤੋਂ 59682 ਦਾ ਮਿਤੀ 25.1.2023 ਤਕ ਲਘੂਦਾਨ	5200.00
ਅੱਜ ਦਾ ਜੋੜ	35,300.00
ਪਿਛਲਾ ਜੋੜ	1,74,05,262.00
ਕੁਲ ਜੋੜ	1,74,40,562.00
ਇਸ ਸਾਲ 217 ਪਰਿਵਾਰਾਂ ਨੂੰ ਦਿੱਤੀ ਗਈ ਐੱਫ. ਡੀ. ਆਰ.	1,73,70,000.00
ਬਾਕੀ ਜੋੜ	70,562.00
ਐੱਫ. ਡੀ. ਆਰ. ਕੈਸ਼ ਕਰਵਾਈ	4,79,596.00
ਐੱਫ. ਡੀ. ਆਰ. 'ਤੇ ਵਿਆਜ	22,869.00
ਕੁਲ	5,73,027.00
ਸ਼ਹੀਦ ਪਰਿਵਾਰ ਫੰਡ ਦੇ ਨਾਂ ਬੈਂਕ 'ਚ ਪਈ ਐੱਫ. ਡੀ. ਆਰ.	2,53,94,584.00
10457 ਪੀੜਤ ਪਰਿਵਾਰਾਂ ਨੂੰ ਅੱਜ ਤਕ ਦਿੱਤੀ ਗਈ ਰਕਮ	18,14,21,900.00
ਕੁਲ ਰਕਮ	20,73,89,511.00

ਦਾਨ ਇੱਥੇ ਭੇਜੋ : ਸ਼ਹੀਦ ਪਰਿਵਾਰ ਫੰਡ
ਪੰਜਾਬ ਕੇਸਰੀ ਗਰੁੱਪ, ਸਿਵਲ ਲਾਈਨਜ਼, ਜਲੰਧਰ-144001

Donation Eligible U/s 80G Income Tax

ਵੋਟੋ 3100 ਰੁਪਏ ਜਾਂ ਵੱਧ ਦੇਣ ਵਾਲਿਆਂ ਦੀ ਪ੍ਰਕਾਸ਼ਿਤ ਹੋਵੇਗੀ। ਇਸ ਤੋਂ ਘੱਟ ਰਕਮ ਦੇਣ ਵਾਲਿਆਂ ਦਾ ਸਿਰਫ ਨਾਂ ਛਪੇਗਾ। ਨਕਦ ਦਾਨ ਰਾਸ਼ੀ ਦੁਪਹਿਰ 12 ਤੋਂ ਸ਼ਾਮ 8 ਵਜੇ ਤਕ ਅਤੇ ਡਰਾਫਟ ਪੰਜਾਬ ਕੇਸਰੀ ਦਫਤਰ 'ਚ ਜਮ੍ਹਾ ਕਰਵਾਓ/ਭੇਜੋ।

ਆਨਲਾਈਨ ਅਕਾਊਂਟ ਨੰ. **308302010024188**, ਯੂਨੀਅਨ ਬੈਂਕ ਆਫ ਇੰਡੀਆ, ਸਿਵਲ ਲਾਈਨਜ਼, ਜਲੰਧਰ, **IFSC Code : UBIN0530832** 'ਤੇ ਰਕਮ ਟਰਾਂਸਫਰ ਕਰ ਕੇ 9872219701 ਨੰਬਰ 'ਤੇ ਵਟਸਐਪ ਕਰਨ ਦੀ ਕਿਰਪਾ ਕਰੋ।

'ਸ਼ਹੀਦ ਪਰਿਵਾਰ ਫੰਡ' ਦੇ ਟਰੱਸਟੀ ਸ਼੍ਰੀ ਮੰਗਤ ਰਾਮ ਪਾਸਲਾ ਲੋੜਵੰਦ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਲਈ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੂੰ ਸਹਾਇਤਾ ਸਮੱਗਰੀ ਦਿੰਦੇ ਹੋਏ।

ਸਕ੍ਰੈਪ ਵਾਹਨ ਪਾਲਿਸੀ ਵਿਚ ਮੋਟਰ ਵਹੀਕਲ ਟੈਕਸ ਤੋਂ ਛੋਟ ਦੇਣ ਸਬੰਧੀ ਨੋਟੀਫ਼ਿਕੇਸ਼ਨ ਜਾਰੀ : ਭੁੱਲਰ

ਚੰਡੀਗੜ੍ਹ, 25 ਜਨਵਰੀ (ਰਮਨਜੀਤ ਸਿੰਘ)- ਪੰਜਾਬ ਸਰਕਾਰ ਵਲੋਂ ਸੂਬੇ ਵਿਚ ਪ੍ਰਦੂਸ਼ਣ ਨੂੰ ਘਟਾਉਣ ਦੇ ਮਕਸਦ ਨਾਲ ਸਕ੍ਰੈਪ ਵਾਹਨ ਦੇ ਮਾਲਕ ਨੂੰ ਨਵਾਂ ਵਾਹਨ ਖਰੀਦਣ 'ਤੇ ਮੋਟਰ ਵਹੀਕਲ ਟੈਕਸ ਤੋਂ ਛੋਟ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ।

ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਕੇਂਦਰੀ ਸੜਕੀ ਆਵਾਜਾਈ ਤੇ ਹਾਈਵੇਜ਼ ਮੰਤਰਾਲੇ ਵਲੋਂ ਨਵੇਂ ਵਾਹਨਾਂ ਦੀ ਰਜਿਸਟ੍ਰੇਸ਼ਨ ਬਾਰੇ ਲਾਗੂ ਕੀਤੀ ਸਕ੍ਰੈਪਿੰਗ ਨੀਤੀ ਦੇ ਸੰਦਰਭ ਵਿਚ ਪੰਜਾਬ ਕੈਬਨਿਟ ਵਲੋਂ ਪੰਜਾਬ ਮੋਟਰ ਵਹੀਕਲ ਟੈਕਸੇਸ਼ਨ ਐਕਟ-1924 ਦੀ ਧਾਰਾ 13 (3) ਅਧੀਨ ਨਵੀਆਂ ਗੱਡੀਆਂ ਦੀ ਖਰੀਦ ਮੌਕੇ ਛੋਟ ਦੇਣ ਦਾ ਫੈਸਲਾ ਕੀਤਾ ਗਿਆ ਸੀ। ਭੁੱਲਰ ਨੇ ਦੱਸਿਆ ਕਿ ਜਾਰੀ ਨੋਟੀਫਿਕੇਸ਼ਨ ਅਨੁਸਾਰ ਮੋਟਰ ਵਹੀਕਲ ਟੈਕਸ ਵਿਚ ਟਰਾਂਸਪੋਰਟ ਵਾਹਨ ਮਾਲਕਾਂ ਨੂੰ 15 ਫੀਸਦੀ ਅਤੇ ਨਾਨ-ਟਰਾਂਸਪੋਰਟ ਵਾਹਨ ਮਾਲਕਾਂ ਨੂੰ 25 ਫੀਸਦੀ ਤੱਕ ਛੋਟ ਮਿਲੇਗੀ।

ਉਨ੍ਹਾਂ ਕਿਹਾ ਕਿ ਵਾਤਾਵਰਣ-ਪੱਖੀ ਫੈਸਲੇ ਨਾਲ ਸਕ੍ਰੈਪਿੰਗ ਪਾਲਿਸੀ ਅਧੀਨ ਟਰਾਂਸਪੋਰਟ ਗੱਡੀਆਂ ਦੇ ਮਾਲਕ ਗੱਡੀ ਦੀ ਰਜਿਸਟ੍ਰੇਸ਼ਨ ਤੋਂ 8 ਸਾਲ ਤੱਕ ਅਤੇ ਨਾਨ-ਟਰਾਂਸਪੋਰਟ ਗੱਡੀਆਂ ਦੇ ਮਾਲਕ 15 ਸਾਲ ਤੱਕ ਸਕੀਮ ਦਾ ਲਾਭ ਉਠਾ ਸਕਦੇ ਹਨ। ਇਸ ਨੀਤੀ ਤਹਿਤ ਜਿਸ ਵੇਲੇ ਗੱਡੀ ਨੂੰ ਸਕ੍ਰੈਪ ਕੀਤਾ ਜਾਵੇਗਾ ਤਾਂ ਇਸ ਬਾਰੇ ਸਕ੍ਰੈਪਰ ਵਲੋਂ ਹੀ ਗੱਡੀ ਦੀ ਖਰੀਦ ਕੀਤੀ ਜਾਵੇਗੀ। ਇਸ ਉਪਰੰਤ ਸਕ੍ਰੈਪਰ ਵਲੋਂ ਵਾਹਨ ਦੇ ਮਾਲਕ ਨੂੰ ਸਰਟੀਫਿਕੇਟ ਆਫ ਡਿਪਾਜ਼ਿਟ (ਵਾਹਨ ਜਮ੍ਹਾ ਕਰਵਾਉਣ ਦਾ ਸਰਟੀਫਿਕੇਟ) ਜਾਰੀ ਕੀਤਾ ਜਾਵੇਗਾ, ਜਿਸ ਨੂੰ ਗੱਡੀ ਮਾਲਕ ਵਲੋਂ ਸਬੰਧਤ ਲਾਇਸੈਂਸਿੰਗ ਅਥਾਰਟੀ ਕੋਲ ਜਮ੍ਹਾ ਕਰਵਾਉਣ 'ਤੇ ਨਵੀਂ ਗੱਡੀ ਦੀ ਰਜਿਸਟ੍ਰੇਸ਼ਨ ਦੇ ਮੋਟਰ ਵਹੀਕਲ ਟੈਕਸ ਵਿਚ ਬਣਦੀ ਛੋਟ ਮਿਲੇਗੀ। ਉਨ੍ਹਾਂ ਦੱਸਿਆ ਕਿ ਟਰਾਂਸਪੋਰਟ ਗੱਡੀ ਨੂੰ ਰਜਿਸਟ੍ਰੇਸ਼ਨ ਤੋਂ 8 ਸਾਲ ਤੱਕ ਸਕ੍ਰੈਪ ਕਰਨਾ ਆਪਸ਼ਨਲ ਹੈ।

ਪੰਜਾਬ ਪੁਲਸ ਵਲੋਂ ਅਰਮੀਨੀਆ ਦੇ ਗੈਂਗਸਟਰ ਲੱਕੀ ਪਟਿਆਲ ਦੇ 2 ਸਾਥੀ ਗ੍ਰਿਫਤਾਰ, ਪਿਸਤੌਲ ਬਰਾਮਦ

ਪੁਲਸ ਹਿਰਾਸਤ 'ਚ ਗੈਂਗਸਟਰ।

ਚੰਡੀਗੜ੍ਹ/ ਜਲੰਧਰ/ ਮੋਹਾਲੀ, 25 ਜਨਵਰੀ (ਰਮਨਜੀਤ ਸਿੰਘ, ਧਵਨ, ਪਰਦੀਪ- ਪੰਜਾਬ ਪੁਲਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐੱਸ.ਐੱਸ.ਓ.ਸੀ.) ਐੱਸ.ਏ.ਐੱਸ. ਨਗਰ ਨੇ ਅਰਮੀਨੀਆ ਦੇ ਗੈਂਗਸਟਰ ਲੱਕੀ ਪਟਿਆਲ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕੀਤਾ ਹੈ। ਲੱਕੀ ਪਟਿਆਲ, ਜੋ ਮੌਜੂਦਾ ਸਮੇਂ ਬੰਬੀਹਾ ਗੈਂਗ ਦਾ ਮੁਖੀ ਹੈ, ਪੰਜਾਬ ਪੁਲਸ ਵਲੋਂ ਅਤਿ ਲੋੜੀਂਦਾ ਗੈਂਗਸਟਰ ਹੈ।

ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਹਰਿਆਣਾ ਦੇ ਸਿਰਸਾ ਵਿਚ ਮੰਡੀ ਡੱਬਵਾਲੀ ਦੇ ਕੁਲਦੀਪ ਸਿੰਘ ਕਿੰਗਰਾ ਤੇ ਕੋਟਕਪੂਰਾ ਫਰੀਦਕੋਟ ਦੇ ਰਹਿਣ ਵਾਲੇ ਹਰਿੰਦਰ ਸਿੰਘ ਦੇ ਰੂਪ ਵਿਚ ਹੋਈ ਹੈ। ਏ.ਆਈ.ਜੀ. ਐੱਸ.ਐੱਸ.ਓ.ਸੀ. ਅਸ਼ਵਨੀ ਕਪੂਰ ਨੇ ਦੱਸਿਆ ਕਿ ਅਸਲਾ ਐਕਟ ਅਤੇ ਜਬਰੀ ਵਸੂਲੀ ਦੀਆਂ ਧਾਰਾਵਾਂ ਤਹਿਤ ਪੁਲਸ ਸਟੇਸ਼ਨ ਐੱਸ.ਐੱਸ.ਓ.ਸੀ., ਐੱਸ.ਏ.ਐੱਸ.ਨਗਰ ਵਿਖੇ ਐੱਫ.ਆਈ.ਆਰ. ਦਰਜ ਕੀਤੀ ਜਾ ਚੁੱਕੀ ਹੈ।

ਜਾਂਚ ਦੌਰਾਨ ਛਾਪੇਮਾਰੀ ਕਰਕੇ ਐਤਵਾਰ ਨੂੰ ਕੁਲਦੀਪ ਸਿੰਘ ਕਿੰਗਰਾ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਮੁਲਜ਼ਮ ਕਿੰਗਰਾ ਬੰਬੀਹਾ ਗੈਂਗ ਦੇ ਅਪਰਾਧੀਆਂ ਅਤੇ ਮੈਂਬਰਾਂ ਨੂੰ ਸਿਰਸਾ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਛੁਪਣਗਾਹਾਂ ਮੁਹੱਈਆ ਕਰਵਾ ਕੇ ਮਦਦ ਕਰ ਰਿਹਾ ਸੀ।

ਪੁਲਸ ਟੀਮਾਂ ਨੇ ਕਿੰਗਰਾ ਤੋਂ ਪੁੱਛਗਿੱਛ ਦੌਰਾਨ ਮਿਲੇ ਸੁਰਾਗ ਦੇ ਆਧਾਰ 'ਤੇ ਉਸ ਦੇ ਸਾਥੀ ਹਰਿੰਦਰ ਸਿੰਘ ਨੂੰ ਮੰਗਲਵਾਰ ਨੂੰ ਇਕ ਦੇਸੀ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸਾਂ ਨਾਲ ਗ੍ਰਿਫਤਾਰ ਕਰ ਲਿਆ ਹੈ।

ਗ੍ਰਿਫਤਾਰ ਕੀਤੇ ਦੋਵਾਂ ਮੁਲਜ਼ਮਾਂ ਤੋਂ ਮੁੱਢਲੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਕੁਲਦੀਪ ਕਿੰਗਰਾ ਅਤੇ ਹਰਿੰਦਰ ਸਿੰਘ, ਮੋਗਾ ਦੇ ਰਹਿਣ ਵਾਲੇ ਜੈਕਪਾਲ ਸਿੰਘ ਉਰਫ ਲਾਲੀ ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਜੈਕਪਾਲ ਲਾਲੀ ਗੈਂਗਸਟਰ ਲੱਕੀ ਪਟਿਆਲ ਦਾ ਪੁਰਾਣਾ ਸਾਥੀ ਹੈ।

ਗਣਤੰਤਰ ਦਿਵਸ ਪਰੇਡ 'ਚੋਂ ਪੰਜਾਬ ਦੀ ਝਾਕੀ ਬਾਹਰ ਕਰਨ ਨਾਲ ਭਾਜਪਾ ਪੰਜਾਬ ਵਿਰੋਧੀ ਰਵੱਈਆ ਨੰਗਾ ਹੋਇਆ : ਕੰਗ

ਚੰਡੀਗੜ੍ਹ/ਜਲੰਧਰ, 25 ਜਨਵਰੀ (ਰਮਨਜੀਤ ਸਿੰਘ, ਧਵਨ)-

ਆਮ ਆਦਮੀ ਪਾਰਟੀ (ਆਪ) ਨੇ ਗਣਤੰਤਰ ਦਿਵਸ ਦੀ ਪਰੇਡ ਵਿਚ ਪੰਜਾਬ ਦੀ ਝਾਕੀ ਨੂੰ ਰੱਦ ਕਰਨ 'ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਅਤੇ ਇਸ ਨੂੰ ਬਹੁਤ ਹੀ ਮੰਦਭਾਗਾ ਅਤੇ ਨਾਜਾਇਜ਼ ਕਦਮ ਕਰਾਰ ਦਿੱਤਾ।

ਪਾਰਟੀ ਦੇ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਗਣਤੰਤਰ ਦਿਵਸ ਪਰੇਡ ਲਈ ਪੰਜਾਬ ਦੀ ਝਾਕੀ, ਜੋ ਇਥੇ ਦੇ ਸੱਭਿਆਚਾਰ ਅਤੇ ਪਰੰਪਰਾ ਨੂੰ ਪ੍ਰਦਰਸ਼ਿਤ ਕਰਦੀ ਹੈ ਤੇ ਆਜ਼ਾਦੀ ਦੀ ਲੜਾਈ ਵਿਚ ਪੰਜਾਬੀਆਂ ਦੇ ਯੋਗਦਾਨ ਨੂੰ ਦੁਨੀਆ ਦੇ ਸਾਹਮਣੇ ਦਰਸਾਉਂਦੀ ਹੈ, ਉਸ ਨੂੰ ਪਰੇਡ ਤੋਂ ਬਾਹਰ ਕਰਨ ਦਾ ਫੈਸਲਾ ਭਾਜਪਾ ਦੇ ਪੰਜਾਬ ਵਿਰੋਧੀ ਚਿਹਰੇ ਨੂੰ ਇਕ ਵਾਰ ਫਿਰ ਉਜਾਗਰ ਕਰ ਗਿਆ ਹੈ।

ਉਨ੍ਹਾਂ ਕਿਹਾ, 'ਪੰਜਾਬੀਆਂ ਨੇ ਦੇਸ਼ ਦੀਆਂ ਸਰਹੱਦਾਂ ਅਤੇ ਆਜ਼ਾਦੀ ਦੀ ਰਾਖੀ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ ਪਰ ਇਹ ਬਹੁਤ ਹੀ ਦੁਖਦਾਈ ਗੱਲ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਯੋਗਦਾਨ ਨੂੰ ਜਾਣਬੁੱਝ ਕੇ ਨਜ਼ਰਅੰਦਾਜ਼ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਹਮੇਸ਼ਾ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੇ ਵਿਰੁੱਧ ਕੰਮ ਕੀਤਾ ਹੈ। ਪੰਜਾਬ ਦਾ ਅਪਮਾਨ ਕਰਨਾ ਭਾਜਪਾ ਨੂੰ ਬਹੁਤ ਮਹਿੰਗਾ ਪਵੇਗਾ।

ਗਣਤੰਤਰ ਦਿਵਸ 'ਤੇ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੇ ਆਦਰਸ਼ਾਂ ਪ੍ਰਤੀ ਖੁਦ ਨੂੰ ਮੁੜ ਸਮਰਪਿਤ ਕਰੋ

74ਵੇਂ ਗਣਤੰਤਰ ਦਿਵਸ ਦੇ ਸ਼ੁਭ ਮੌਕੇ 'ਤੇ ਮੈਂ ਪੰਜਾਬ ਅਤੇ ਕੇਂਦਰ ਸ਼ਾਸਤ ਖੇਤਰ ਚੰਡੀਗੜ੍ਹ ਸਮੇਤ ਦੇਸ਼-ਵਿਦੇਸ਼ ਦੇ ਸਾਰੇ ਭਾਰਤੀਆਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੰਦਾ ਹਾਂ। ਅੱਜ ਸਾਡੇ ਲਈ ਆਪਣੇ ਬਹਾਦਰ ਆਜ਼ਾਦੀ ਘੁਲਾਟੀਆਂ ਨੂੰ ਸ਼ੁਕਰਗੁਜ਼ਾਰ ਹੋ ਕੇ ਯਾਦ ਕਰਨ ਦਾ ਦਿਨ ਹੈ ਜਿਨ੍ਹਾਂ ਨੇ ਅਥਾਹ ਔਕੜਾਂ ਅਤੇ ਦੁੱਖਾਂ ਦਾ ਸਾਹਮਣਾ ਕਰਦਿਆਂ ਸਾਨੂੰ ਆਜ਼ਾਦੀ ਦੁਆਈ ਅਤੇ ਸਾਡੇ ਲੋਕਤੰਤਰੀ ਗਣਰਾਜ ਦੀ ਨੀਂਹ ਰੱਖੀ।

ਅੱਜ ਦੇ ਦਿਨ 1950 ਵਿੱਚ ਭਾਰਤ ਇੱਕ ਪ੍ਰਭੂਸੱਤਾ ਸੰਪੰਨ ਲੋਕਤੰਤਰੀ ਗਣਰਾਜ ਵਜੋਂ ਉੱਭਰਿਆ। ਅਸੀਂ ਆਪਣੇ ਸੰਸਥਾਪਕਾਂ ਦੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਸਾਡੇ ਸੰਵਿਧਾਨ ਵਿੱਚ ਨਿਆਂ, ਆਜ਼ਾਦੀ ਅਤੇ ਬਰਾਬਰੀ ਨੂੰ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਅਤੇ ਬੁਨਿਆਦੀ ਫਰਜ਼ਾਂ ਵਜੋਂ ਦਰਜ ਕੀਤਾ। ਅਧਿਕਾਰ ਅਤੇ ਫਰਜ਼ ਇੱਕੋ ਸਿੱਕੇ ਦੇ 2 ਪਾਸੇ ਹਨ। ਨਾਗਰਿਕਾਂ ਵਲੋਂ ਸੰਵਿਧਾਨ ਵਿੱਚ ਦਰਸਾਏ ਗਏ ਮੌਲਿਕ ਫਰਜ਼ਾਂ ਦੀ ਪਾਲਣਾ ਕਰਨ ਨਾਲ ਮੌਲਿਕ ਅਧਿਕਾਰਾਂ ਦੀ ਵਰਤੋਂ ਲਈ ਢੁਕਵਾਂ ਮਾਹੌਲ ਸਿਰਜਿਆ ਜਾਂਦਾ ਹੈ।

ਇਸ ਲਈ ਇਹ ਇਤਿਹਾਸਕ ਦਿਨ ਸਾਡੇ ਲਈ ਖੁਸ਼ੀ ਦਾ ਦਿਨ ਹੈ। ਇਸ ਦੇ ਨਾਲ ਹੀ ਇਹ ਸਾਡੀਆਂ ਕਮੀਆਂ ਦੇ ਸਹੀ ਸਵੈ-ਪੜਚੋਲ ਅਤੇ ਵਿਸ਼ਲੇਸ਼ਣ ਦਾ ਵੀ ਇੱਕ ਮੌਕਾ ਹੈ ਤਾਂ ਜੋ ਸਿਸਟਮ ਨੂੰ ਸੁਧਾਰਨ ਲਈ ਲੋੜੀਂਦੇ ਉਪਾਅ ਕੀਤੇ ਜਾ ਸਕਣ।

ਮੈਨੂੰ ਯਕੀਨ ਹੈ ਕਿ ਪੰਜਾਬ ਅਤੇ ਚੰਡੀਗੜ੍ਹ ਦੇ ਲੋਕ ਜੋ ਤਬਦੀਲੀ ਲਈ ਹਰ ਅੰਦੋਲਨ ਵਿੱਚ ਹਮੇਸ਼ਾ ਮੋਹਰੀ ਰਹੇ ਹਨ, ਬਾਕੀ ਦੇਸ਼ ਲਈ ਪ੍ਰੇਰਨਾ ਦਾ ਸੋਮਾ ਬਣ ਕੇ ਉਭਰਨਗੇ।

ਇਸ ਇਤਿਹਾਸਕ ਦਿਹਾੜੇ 'ਤੇ ਆਓ, ਅਸੀਂ ਖ਼ੁਦ ਨੂੰ ਰਾਸ਼ਟਰਵਾਦ ਅਤੇ ਦੇਸ਼ ਭਗਤੀ ਦੇ ਆਦਰਸ਼ਾਂ ਨੂੰ ਸਮਰਪਿਤ ਕਰੀਏ ਅਤੇ ਪੰਜਾਬ, ਚੰਡੀਗੜ੍ਹ ਅਤੇ ਦੇਸ਼ ਨੂੰ ਮਜ਼ਬੂਤ ਬਣਾਉਣ ਲਈ ਵਚਨਬੱਧਤਾ, ਸਮਰਪਣ ਅਤੇ ਦ੍ਰਿੜਤਾ ਨਾਲ ਕੰਮ ਕਰਨ ਦਾ ਸੰਕਲਪ ਲਈਏ।

ਮੈਂ ਇੱਕ ਵਾਰ ਫਿਰ ਗਣਤੰਤਰ ਦਿਵਸ ਦੇ ਮੌਕੇ 'ਤੇ ਤੁਹਾਨੂੰ ਸਾਰਿਆਂ ਨੂੰ ਦਿਲੋਂ ਵਧਾਈਆਂ ਅਤੇ ਸ਼ੁੱਭਕਾਮਨਾਵਾਂ ਦਿੰਦਾ ਹਾਂ।

ਜੈ ਹਿੰਦ

'ਆਪ' ਵਲੋਂ ਅਸੁਰੱਖਿਅਤ ਇਮਾਰਤਾਂ ਨੂੰ ਆਮ ਆਦਮੀ ਕਲੀਨਿਕਾਂ 'ਚ ਤਬਦੀਲ ਕੀਤਾ ਜਾ ਰਿਹੈ : ਮਜੀਠੀਆ

ਜੈਂਤੀਪੁਰ, 25 ਜਨਵਰੀ (ਬਲਜੀਤ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਮ ਆਦਮੀ ਕਲੀਨਿਕਾਂ 'ਤੇ ਭਗਵੰਤ ਮਾਨ ਸਰਕਾਰ ਦੇ ਦਾਅਵਿਆਂ ਦਾ ਪਰਦਾਫਾਸ਼ ਕਰਦਿਆਂ ਦੱਸਿਆ ਕਿ ਕਿਵੇਂ ਪੰਜਾਬੀਆਂ ਨੂੰ ਮੂਰਖ ਬਣਾਉਣ ਲਈ ਪੁਰਾਣੀਆਂ ਅਤੇ ਅਸੁਰੱਖਿਅਤ ਇਮਾਰਤਾਂ ਨੂੰ ਆਮ ਆਦਮੀ ਕਲੀਨਿਕਾਂ ਵਿਚ ਤਬਦੀਲ ਕੀਤਾ ਜਾ ਰਿਹਾ ਹੈ।

ਗੱਲਬਾਤ ਕਰਦੇ ਹੋਏ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਹੋਰ।

ਪਿੰਡ ਥਰੇਵਾਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਕਿਵੇਂ ਪਿੰਡ ਦੇ ਪੁਰਾਣੇ ਪ੍ਰਾਇਮਰੀ ਹੈਲਥ ਸੈਂਟਰ ਜੋ ਕਿ 1966 ਵਿਚ ਸਥਾਪਿਤ ਹੋਇਆ ਸੀ, ਨੂੰ 'ਆਪ' ਦੇ ਮੁਹੱਲਾ ਕਲੀਨਿਕ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਮਾਰਤ ਦੇ ਨਵੀਨੀਕਰਨ 'ਤੇ 25 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ, ਜਿਸ ਵਿਚ ਜ਼ਿਆਦਾਤਰ ਫਾਲਸ ਸੀਲਿੰਗ ਅਤੇ ਪੁਰਾਣੀ ਇਮਾਰਤ ਨੂੰ ਮੁੜ ਪੇਂਟ ਕਰਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਜੋ ਕੰਮ ਮੰਡੀ ਵਿਚ 4 ਤੋਂ 5 ਲੱਖ ਰੁਪਏ ਦੇ ਹਿਸਾਬ ਨਾਲ ਹੁੰਦਾ ਹੈ, ਉਹ ਕੰਮ ਪ੍ਰਤੀ ਸੈਂਟਰ 25 ਤੋਂ 30 ਲੱਖ ਰੁਪਏ ਦੇ ਹਿਸਾਬ ਨਾਲ ਹੋ ਰਿਹਾ ਹੈ। ਮਜੀਠੀਆ ਨੇ ਕਿਹਾ ਕਿ ਸੂਬੇ ਦੇ ਲੋਕ ਦੇਖ ਰਹੇ ਹਨ ਕਿ ਕਿਵੇਂ ਇੱਕ ਆਈ. ਏ. ਐੱਸ. ਅਧਿਕਾਰੀ ਨੇ ਦੱਖਣੀ ਰਾਜਾਂ ਵਿਚ 30 ਕਰੋੜ ਰੁਪਏ ਦੀ ਲਾਗਤ ਨਾਲ ਆਮ ਆਦਮੀ ਪਾਰਟੀ ਦੇ ਕਲੀਨਿਕਾਂ ਨੂੰ ਪ੍ਰਫੁੱਲਤ ਕਰਨ ਦੇ ਆਰਡਰ ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ, ਜਦੋਂ ਕਿ ਸੂਬਾ ਸਰਕਾਰ ਅਜਿਹੇ ਕਲੀਨਿਕ ਸਥਾਪਤ ਕਰਨ 'ਤੇ ਕੰਮ ਕਰ ਰਹੀ ਹੈ। 10 ਕਰੋੜ ਰੁਪਏ ਖਰਚ ਕੀਤੇ ਗਏ ਹਨ।

ਇਸ ਮੌਕੇ ਪਰਮਜੀਤ ਸਿੰਘ ਰੰਧਾਵਾ ਜੈਂਤੀਪੁਰ, ਸਾਬਕਾ ਸਰਪੰਚ ਨਰਸ਼ੇਰ ਚੰਦਰ ਥਰੀਏਵਾਲ, ਜ਼ਿਲਾ ਪ੍ਰੀਸ਼ਦ ਮੈਂਬਰ ਸਕੱਤਰ ਸਿੰਘ ਪਿੰਟੂ, ਮਾਸਟਰ ਸਤਨਾਮ ਸਿੰਘ ਮਰੜੀ, ਜੱਜ ਸਿੰਘ ਮਰੜੀ, ਠੇਕੇਦਾਰ ਹਰਦੇਵ ਸਿੰਘ ਮਰੜੀ, ਹਰਜੀਤ ਸਿੰਘ, ਅਮਰੀਕ ਸਿੰਘ, ਡਾ: ਚੰਦਰ ਮੋਹਨ ਸਿੰਘ, ਕਾਕਾ ਭੈਂਗਾਲੀ, ਨਿਰਮਲ ਸਿੰਘ ਮਰੜੀ, ਦਲਜੀਤ ਸਿੰਘ ਕਾਹਲੋਂ, ਸਰਪੰਚ ਪਰਮਜੀਤ ਸਿੰਘ ਲਹਿਰਕਾ, ਹਰਪਾਲ ਸਿੰਘ ਸੋਹੀ, ਰਘਬੀਰ ਸਿੰਘ ਸੰਧੂ ਆਦਿ ਹਾਜ਼ਰ ਸਨ।

ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚੱਲ ਰਹੀ ਹੈ ਮੋਦੀ ਸਰਕਾਰ : ਕਾਂਗਰਸ

ਸ਼ਿਮਲਾ, 25 ਜਨਵਰੀ (ਰਾਕਟਾ)-ਈਸਟ ਇੰਡੀਆ ਕੰਪਨੀ ਦੀ ਤਰਜ਼ 'ਤੇ ਦੇਸ਼ ਦੀ ਮੋਦੀ ਸਰਕਾਰ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚੱਲ ਰਹੀ ਹੈ। ਸੂਬਾ ਕਾਂਗਰਸ ਕਮੇਟੀ ਦੇ ਰਾਸ਼ਟਰੀ ਬੁਲਾਰੇ ਅਖਿਲੇਸ਼ ਪ੍ਰਤਾਪ ਸਿੰਘ ਨੇ ਬੁੱਧਵਾਰ ਨੂੰ ਰਾਜੀਵ ਭਵਨ 'ਚ ਆਯੋਜਿਤ ਪ੍ਰੈੱਸ ਕਾਨਫਰੰਸ 'ਚ ਇਹ ਗੱਲ ਕਹੀ। ਉਨ੍ਹਾਂ ਕਿਹਾ ਕਿ ਕਾਂਗਰਸ ਆਗੂ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਨੇ ਸਾਰਿਆਂ ਨੂੰ ਜਾਗਰੂਕ ਕਰ ਦਿੱਤਾ ਹੈ ਕਿ ਜਿਹੜੀ ਤਾਕਤ ਦਿੱਲੀ 'ਚ ਬੈਠ ਕੇ ਦੇਸ਼ ਨੂੰ ਆਰਥਿਕ, ਸਮਾਜਿਕ ਅਤੇ ਸਿਆਸੀ ਤੌਰ 'ਤੇ ਵੰਡਣ ਦੀ ਕੋਸ਼ਿਸ਼ ਕਰ ਰਹੀ ਹੈ, ਉਸ ਨੂੰ ਕਾਮਯਾਬ ਨਹੀਂ ਹੋਣ ਦੇਣਾ ਚਾਹੀਦਾ।

ਨਵੀਂ ਦਿੱਲੀ : ਆਪਣੇ ਸੈਨਿਕ ਸਹਿਯੋਗੀਆਂ ਨਾਲ ਨਜ਼ਰ ਆਉਂਦੇ ਕਰਨਲ ਮੁਹੰਮਦ ਅਬਦੇਲ ਫਤਿਹ ਅਲ ਖਾਰਾਸਾਵੀ, ਜੋ ਕਿ 74ਵੇਂ ਗਣਤੰਤਰ ਦਿਵਸ ਦੀ ਪਰੇਡ ਦੌਰਾਨ 144 ਸੈਨਿਕਾਂ ਵਾਲੀ ਮਿਸਰ ਦੀ ਟੁਕੜੀ ਦੀ ਅਗਵਾਈ ਕਰਨਗੇ।

ਰਾਮ ਰਹੀਮ ਜਾਣਬੁਝ ਕੇ ਭੜਕਾ ਰਿਹੈ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ : ਐਡਵੋਕੇਟ ਧਾਮੀ

ਸਰਕਾਰ ਡੇਰਾ ਸਿਰਸਾ ਮੁਖੀ ਦੀ ਪੈਰੋਲ ਤੁਰੰਤ ਰੱਦ ਕਰ ਕੇ ਜੇਲ ਭੇਜੇ

ਅੰਮ੍ਰਿਤਸਰ, 25 ਜਨਵਰੀ (ਦੀਪਕ)-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਸਿੱਖਾਂ ਦੇ ਧਾਰਮਿਕ ਚਿੰਨ੍ਹ ਕਿਰਪਾਨ ਨਾਲ ਕੇਕ ਕੱਟ ਕੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੌਦਾ ਸਾਧ ਜਾਣਬੁਝ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਸੂਬੇ ਦੇ ਸ਼ਾਂਤ ਮਾਹੌਲ ਨੂੰ ਖਰਾਬ ਕਰਨ ਦਾ ਯਤਨ ਕਰ ਰਿਹਾ ਹੈ ਅਤੇ ਸਰਕਾਰਾਂ ਸ਼ਾਂਤ ਹਨ।

ਉਨ੍ਹਾਂ ਕਿਹਾ ਕਿ ਕਿਰਪਾਨ ਸਿੱਖਾਂ ਦਾ ਅਹਿਮ ਧਾਰਮਿਕ ਚਿੰਨ੍ਹ ਹੈ, ਜਿਸ ਦੀ ਤੌਹੀਨ ਸਿੱਖ ਕੌਮ ਬਰਦਾਸ਼ਤ ਨਹੀਂ ਕਰ ਸਕਦੀ। ਸੌਦਾ ਸਾਧ ਨੇ ਕਿਰਪਾਨ ਨਾਲ ਕੇਕ ਕੱਟ ਕੇ ਸਿੱਖ ਕਕਾਰ ਦੇ ਸਤਿਕਾਰ ਨੂੰ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਬਲਾਤਕਾਰ ਅਤੇ ਕਤਲ ਦੇ ਸੰਗੀਨ ਦੋਸ਼ਾਂ ਵਿਚ ਸਜ਼ਾ ਕੱਟ ਰਹੇ ਅਜਿਹੇ ਅਪਰਾਧੀ ਨੂੰ ਸਰਕਾਰਾਂ ਵੱਲੋਂ ਵਾਰ-ਵਾਰ ਪੈਰੋਲ ਦੇ ਕੇ ਛੱਡਿਆ ਜਾ ਰਿਹਾ ਹੈ ਅਤੇ ਉਹ ਬਾਹਰ ਆ ਕੇ ਜਾਣਬੁਝ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦਾ ਸੰਵਿਧਾਨ ਹਰ ਇਕ ਦੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਸਿਖਾਉਂਦਾ ਹੈ ਅਤੇ ਕਿਸੇ ਨੂੰ ਵੀ ਅਜਿਹਾ ਹੱਕ ਨਹੀਂ ਹੈ ਕਿ ਉਹ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੇ। ਐਡਵੋਕੇਟ ਧਾਮੀ ਨੇ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਅਜਿਹੇ ਅਪਰਾਧੀ ਨੂੰ ਸਰਕਾਰਾਂ ਖਾਸ ਪੁਸ਼ਤਪਨਾਹੀ ਦੇ ਰਹੀਆਂ ਹਨ, ਜੋ ਦੇਸ਼ ਹਿੱਤ ਵਿਚ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਤੋਂ ਮੰਗ ਕੀਤੀ ਕਿ ਸੌਦਾ ਸਾਧ ਦੀ ਪੈਰੋਲ ਤੁਰੰਤ ਰੱਦ ਕਰਕੇ ਉਸ ਨੂੰ ਸਲਾਖਾਂ ਪਿੱਛੇ ਭੇਜਿਆ ਜਾਵੇ।

ਮੇਘਾਲਿਆ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨੇ ਚੋਣ ਮੈਦਾਨ 'ਚ ਉਤਾਰੇ 55 ਉਮੀਦਵਾਰ

ਨਵੀਂ ਦਿੱਲੀ, 25 ਜਨਵਰੀ (ਏਜੰਸੀ)- ਮੇਘਾਲਿਆ ਵਿਧਾਨ ਸਭਾ ਦੀਆਂ 60 ਸੀਟਾਂ ਲਈ ਹੋਣ ਵਾਲੀਆਂ ਚੋਣਾਂ ਲਈ ਕਾਂਗਰਸ ਨੇ 55 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਇਹ ਸੂਚੀ ਜਾਰੀ ਕਰਦਿਆਂ ਕਾਂਗਰਸ ਦੇ ਚੋਣ ਵਿਭਾਗ ਦੇ ਇੰਚਾਰਜ ਮੁਕੁਲ ਵਾਸਨਿਕ ਨੇ ਦੱਸਿਆ ਕਿ ਪਾਰਟੀ ਦੀ ਕੇਂਦਰੀ ਚੋਣ ਕਮੇਟੀ ਨੇ ਇਨ੍ਹਾਂ ਉਮੀਦਵਾਰਾਂ ਦੇ ਨਾਵਾਂ ਦੀ ਚੋਣ ਕਰ ਲਈ ਹੈ। ਪਾਰਟੀ ਨੇ 9 ਮਹਿਲਾ ਉਮੀਦਵਾਰ ਖੜ੍ਹੇ ਕੀਤੇ ਹਨ। ਮੇਘਾਲਿਆ ਵਿਧਾਨ ਸਭਾ ਸੀਟਾਂ ਲਈ 27 ਫਰਵਰੀ ਨੂੰ ਵੋਟਿੰਗ ਹੋਣੀ ਹੈ ਅਤੇ ਨਤੀਜੇ 2 ਮਾਰਚ ਨੂੰ ਆਉਣਗੇ।

ਜਰਮਨੀ ਵਿਖੇ ਰੇਲਗੱਡੀ 'ਚ ਕਈ ਯਾਤਰੀਆਂ ਨੂੰ ਚਾਕੂ ਨਾਲ ਵਿੰਨ੍ਹਿਆ, 2 ਦੀ ਮੌਤ

ਬਰਲਿਨ, 25 ਜਨਵਰੀ (ਭਾਸ਼ਾ)-ਉੱਤਰੀ ਜਰਮਨੀ 'ਚ ਬੁੱਧਵਾਰ ਨੂੰ ਇਕ ਵਿਅਕਤੀ ਨੇ ਰੇਲ ਗੱਡੀ 'ਚ ਕਈ ਲੋਕਾਂ ਨੂੰ ਚਾਕੂ ਮਾਰ ਕੇ ਜ਼ਖਮੀ ਕਰ ਦਿੱਤਾ। ਪੀੜਤਾਂ 'ਚੋਂ 2 ਦੀ ਮੌਤ ਹੋ ਗਈ। ਪੁਲਸ ਨੇ ਹਮਲਾਵਰ ਨੂੰ ਹਿਰਾਸਤ 'ਚ ਲੈ ਲਿਆ ਹੈ। ਮੁੱਢਲੀ ਜਾਂਚ 'ਚ 7 ਲੋਕ ਜ਼ਖਮੀ ਹੋਣ ਦਾ ਪਤਾ ਲੱਗਾ ਹੈ। ਸ਼ੱਕੀ ਦੀ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

NOTICE INVITING BIDS
PUNJAB WAQF BOARD

EO/PWB/FZR.D.No.-1374 Dated : 25/01/2023

The Punjab Waqf Board Ferozepur is going to leased out the waqf properties for Commercial & Agriculture purpose as per the Waqf Properties lease Rules- 2014 through open bids to be held on 31/01/2023 at 11:00 am in the office of Estate Officer, Punjab Waqf Board, Inside Raja Talkies, Ferozepur City.

Sr. No.	Property Description: Location	P.No./Kh. Nos	Area	Purpose	Period	Reserve Price
1	Vill. Lakho Ke Behram Teh. GuruHar Sahai Distt. Ferozepur	110	20K-00M	Agricultue	3 Years	Rs.2,662 /- Per Kanal P.A
2.	Vill. Khangarh Teh. Guru Har Sahai Distt. Ferozepur	50	17K-00M	Agriculture	3 Years	Rs.3,308 /- Per Kanal P.A
3.	Vill. Mallu wala Teh. & Distt. Ferozepur	50	12K-00M	Agriculture	3 Years	Rs. 3,472/- Per Kanal P.A
4.	Vill. Peer Khan Shaikh Teh. & Distt. Ferozepur	32 min	15K-10M	Agriculture	3 Years	Rs. 3,032/- Per Kanal P.A
5.	Vill. Peer Khan Shaikh Teh. & Distt. Ferozepur	32 min	15K-10M	Agriculture	3 Years	Rs. 3,032/- Per Kanal P.A
6.	Vill. Satiye Wala Teh. & Distt. Ferozepur	132 min	250 Sq. Yds	Commercial	35 Months	Rs. 1.23/-P. Sq. Ft. Per Month

The interested persons may contact with Estate Officer, Punjab Waqf Board, Ferozepur at the above mentioned address. Remaining conditions will be brief on the spot. All the rights will be reserved with the Estate Officer, for cancellation the bid.

Sd/- Estate Officer,
PWB, Ferozepur.

ਯੂਕ੍ਰੇਨ ਨੂੰ ਅਮਰੀਕਾ ਭੇਜੇਗਾ 31 'ਅਬਰਾਮ' ਟੈਂਕ ਜਰਮਨੀ ਦੇਵੇਗਾ 14 'ਲੈਪਰਡ 2' ਟੈਂਕ

ਵਾਸ਼ਿੰਗਟਨ/ਬਰਲਿਨ, 25 ਜਨਵਰੀ (ਭਾਸ਼ਾ)-ਰੂਸ ਨਾਲ ਜੰਗ 'ਚ 'ਅਬਰਾਮ' ਟੈਂਕਾਂ ਦੇ ਅਣਉਚਿਤ ਹੋਣ ਦੇ ਦਾਅਵੇ ਦੇ ਉਲਟ ਅਮਰੀਕਾ ਨੇ ਕਿਹਾ ਕਿ ਉਹ ਯੂਕ੍ਰੇਨ ਨੂੰ 31 ਐੱਮ-1 ਅਬਰਾਮ ਟੈਂਕ ਭੇਜੇਗਾ। ਕੁਝ ਸਮਾਂ ਪਹਿਲਾਂ ਜੋ ਬਾਈਡੇਨ ਪ੍ਰਸ਼ਾਸਨ ਨੇ ਦਲੀਲ ਦਿੱਤੀ ਸੀ ਕਿ ਇਸ ਟੈਂਕ ਦਾ ਸੰਚਾਲਨ ਕਰਨ ਅਤੇ ਇਸ ਦਾ ਰੱਖ-ਰਖਾਅ ਯੂਕ੍ਰੇਨੀ ਫੋਰਸਾਂ ਲਈ ਬਹੁਤ ਮੁਸ਼ਕਲ ਹੋ ਸਕਦਾ ਹੈ। ਜਰਮਨੀ ਵਲੋਂ 14 'ਲੈਪਰਡ-2 ਏ 6 ਟੈਂਕ ਭੇਜਣ 'ਤੇ ਸਹਿਮਤ ਹੋਣ ਤੋਂ ਬਾਅਦ ਅਮਰੀਕਾ ਦਾ ਇਹ ਫੈਸਲਾ ਸਾਹਮਣੇ ਆਇਆ ਹੈ। ਜਰਮਨੀ ਨੇ ਕਿਹਾ ਸੀ ਕਿ ਉਹ ਲੈਪਰਡ ਟੈਂਕ ਉਦੋਂ ਤੱਕ ਨਹੀਂ ਭੇਜੇਗਾ, ਜਦੋਂ ਤੱਕ ਅਮਰੀਕਾ ਆਪਣੇ ਅਬਰਾਮ ਟੈਂਕ ਯੂਕ੍ਰੇਨੀ ਫੋਰਸਾਂ ਨੂੰ ਮੁਹੱਈਆ ਕਰਵਾਉਣ ਦਾ ਫੈਸਲਾ ਨਹੀਂ ਲੈਂਦਾ।

ਪਾਕਿਸਤਾਨ ਦੇ ਕਵੇਟਾ ਸ਼ਹਿਰ 'ਚ ਗੈਸ ਲੀਕ ਹੋਣ ਕਾਰਨ 16 ਦੀ ਮੌਤ

ਕਰਾਚੀ, 25 ਜਨਵਰੀ (ਏ.ਐੱਨ.ਆਈ.)- ਪਾਕਿਸਤਾਨ ਦੇ ਦੱਖਣ-ਪੱਛਮੀ ਬਲੋਚਿਸਤਾਨ ਸੂਬੇ ਦੇ ਕਵੇਟਾ ਸ਼ਹਿਰ 'ਚ ਪਿਛਲੇ ਇਕ ਹਫਤੇ ਦੌਰਾਨ ਗੈਸ ਲੀਕ ਹੋਣ ਦੀਆਂ ਘਟਨਾਵਾਂ 'ਚ ਬੱਚਿਆਂ ਸਮੇਤ 16 ਲੋਕਾਂ ਦੀ ਮੌਤ ਹੋ ਗਈ। ਕਿੱਲੀ ਬੜੇਜਈ ਇਲਾਕੇ 'ਚ ਗੈਸ ਲੀਕ ਹੋਣ ਕਾਰਨ ਮਿੱਟੀ ਨਾਲ ਬਣੇ ਘਰ 'ਚ ਧਮਾਕਾ ਹੋਣ ਕਾਰਨ ਇਕ ਪਰਿਵਾਰ ਦੇ ਚਾਰ ਬੱਚਿਆਂ ਦੀ ਮੌਤ ਹੋ ਗਈ। ਇਕ ਹੋਰ ਘਟਨਾ 'ਚ, ਇਕ ਪੁਲਸ ਸਬ-ਇੰਸਪੈਕਟਰ ਦੀ ਕਮਰੇ 'ਚ ਗੈਸ ਚੜ੍ਹਨ ਨਾਲ ਮੌਤ ਹੋ ਗਈ। ਇਸੇ ਤਰ੍ਹਾਂ ਪਿਛਲੇ ਹਫਤੇ ਇਕ ਦਰਜਨ ਤੋਂ ਵੱਧ ਲੋਕਾਂ ਦੀ ਗੈਸ ਨਾਲ ਮੌਤ ਹੋ ਗਈ। ਬਲੋਚਿਸਤਾਨ ਪਿਛਲੇ ਇਕ ਮਹੀਨੇ ਤੋਂ ਕੜਾਕੇ ਦੀ ਠੰਡ ਦੀ ਲਪੇਟ 'ਚ ਹੈ।

ਸਿੱਖਿਆ ਮੰਤਰੀ ਦੀ ਪਹਿਲ, ਅਧਿਆਪਕਾਂ ਨੂੰ ਸਨਮਾਨਿਤ ਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਭੇਜੀ ਸੂਚੀ

ਬਿਹਤਰੀਨ ਕਾਰਗੁਜ਼ਾਰੀ ਵਾਲੇ ਅਧਿਆਪਕਾਂ ਦੇ ਨਾਂ ਕੀਤੇ ਗਏ ਹਨ ਸੂਚੀ ਵਿਚ ਸ਼ਾਮਲ

ਚੰਡੀਗੜ੍ਹ, 25 ਜਨਵਰੀ (ਰਮਨਜੀਤ ਸਿੰਘ)- ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਵਲੋਂ ਨਿਵੇਕਲੀ ਪਿਰਤ ਕਾਇਮ ਕਰਦਿਆਂ ਸ਼ਾਨਦਾਰ ਕਾਰਗੁਜ਼ਾਰੀ ਵਾਲੇ ਸੂਬੇ ਦੇ 50 ਤੋਂ ਵੀ ਜ਼ਿਆਦਾ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਭਲਕੇ ਜ਼ਿਲਾ ਪੱਧਰੀ ਗਣਤੰਤਰ ਦਿਵਸ ਸਮਾਰੋਹਾਂ ਤੇ ਸਨਮਾਨਿਤ ਕਰਨ ਵਾਸਤੇ ਡਿਪਟੀ ਕਮਿਸ਼ਨਰਾਂ ਨੂੰ ਸੂਚੀ ਭੇਜੀ ਹੈ।

ਬੈਂਸ ਨੇ ਕਿਹਾ ਕਿ ਅਧਿਆਪਕ ਕੌਮ ਦਾ ਨਿਰਮਾਤਾ ਹੈ ਅਤੇ ਇਸ ਵਰਗ ਦਾ ਸਨਮਾਨ ਕਰਨਾ ਸਰਕਾਰ ਅਤੇ ਸਮਾਜ ਦਾ ਮੁੱਢਲਾ ਫਰਜ਼ ਹੈ। ਸਿੱਖਿਆ ਮੰਤਰੀ ਨੇ ਦੱਸਿਆ ਕਿ ਪੂਰੇ ਪੰਜਾਬ ਵਿਚੋਂ ਵਿਲੱਖਣ ਕੰਮ ਕਰਕੇ ਮਹਿਕਮੇ ਦਾ ਨਾਮ ਰੌਸ਼ਨ ਕਰਨ ਅਧਿਆਪਕਾਂ ਬਾਰੇ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਤੁਰੰਤ ਡਿਪਟੀ ਕਮਿਸ਼ਨਰਾਂ ਨੂੰ ਸਨਮਾਨਿਤ ਕਰਨ ਬਾਰੇ ਕਿਹਾ।

ਬੈਂਸ ਨੇ ਕਿਹਾ ਕਿ ਸਿੱਖਿਆ ਵਿਭਾਗ ਵਿਚ ਸ਼ਾਨਦਾਰ ਕੰਮ ਕਰਨ ਵਾਲੇ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਭਵਿੱਖ ਵਿਚ ਆਜ਼ਾਦੀ ਅਤੇ ਗਣਤੰਤਰ ਦਿਹਾੜਿਆਂ 'ਤੇ ਸਨਮਾਨਿਤ ਕਰਨ ਦੀ ਪ੍ਰਥਾ ਕਾਇਮ ਰਹੇਗੀ ਅਤੇ ਇਹ ਲਿਸਟਾਂ ਉਹ ਖੁਦ ਤਿਆਰ ਕਰਕੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਭੇਜਿਆ ਕਰਨਗੇ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਇਹ ਸਖ਼ਤ ਹਦਾਇਤਾਂ ਦਿੱਤੀਆਂ ਹਨ ਕਿ ਫੀਲਡ ਵਿਜ਼ਿਟ ਦੌਰਾਨ ਅਧਿਆਪਕਾਂ ਨੂੰ ਪੂਰਾ ਮਾਣ-ਸਨਮਾਨ ਦਿੱਤਾ ਜਾਵੇ ਅਤੇ ਕਿਸੇ ਦੇ ਵੀ ਸਨਮਾਨ ਨੂੰ ਠੇਸ ਨਾ ਪਹੁੰਚਾਈ ਜਾਵੇ।

ਬੈਂਸ ਨੇ ਕਿਹਾ ਕਿ ਮਜ਼ਬੂਤ ਸਮਾਜ ਦੀ ਸਿਰਜਣਾ ਵਿਚ ਸਭ ਤੋਂ ਵੱਡਾ ਰੋਲ ਅਧਿਆਪਕ ਦਾ ਹੀ ਹੈ ਅਤੇ ਇਸ ਵਰਗ ਦੇ ਸਨਮਾਨ ਦੀ ਬਹਾਲੀ ਵਾਸਤੇ ਉਹ ਹਰ ਸੰਭਵ ਕੋਸ਼ਿਸ਼ ਕਰਨਗੇ।

ਪਾਕਿਸਤਾਨ ਦੇ ਸੀਨੀਅਰ ਵਿਰੋਧੀ ਧਿਰ ਦੇ ਨੇਤਾ ਫਵਾਦ ਚੌਧਰੀ ਨੂੰ ਗ੍ਰਿਫਤਾਰ

ਇਸਲਾਮਾਬਾਦ, 25 ਜਨਵਰੀ (ਭਾਸ਼ਾ)- ਪਾਕਿਸਤਾਨ ਅਧਿਕਾਰੀਆਂ ਨੇ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ. ਟੀ. ਆਈ.) ਪਾਰਟੀ ਦੇ ਸੀਨੀਅਰ ਆਗੂ ਫਵਾਦ ਚੌਧਰੀ ਨੂੰ ਬੁੱਧਵਾਰ ਨੂੰ ਗ੍ਰਿਫਤਾਰ ਕਰ ਲਿਆ ਹੈ। ਕੁਝ ਘੰਟੇ ਪਹਿਲਾਂ, ਚੌਧਰੀ ਨੇ ਪਾਰਟੀ ਪ੍ਰਧਾਨ ਇਮਰਾਨ ਖਾਨ ਨੂੰ ਗ੍ਰਿਫਤਾਰ ਕਰਨ ਦੀ ਸਰਕਾਰ ਦੀ ਕਥਿਤ ਯੋਜਨਾ ਦੀ ਜਨਤਕ ਤੌਰ 'ਤੇ ਨਿੰਦਾ ਕੀਤੀ ਸੀ।

ਪਾਕਿਸਤਾਨ ਦੇ ਚੋਣ ਕਮਿਸ਼ਨ ਦੇ ਸਕੱਤਰ ਦੀ ਸ਼ਿਕਾਇਤ 'ਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਕਰੀਬੀ ਫਵਾਦ 'ਤੇ ਕੋਹਸਰ ਪੁਲਸ ਸਟੇਸ਼ਨ 'ਚ ਮਾਮਲਾ ਦਰਜ ਕੀਤਾ ਗਿਆ ਸੀ ਅਤੇ ਬਾਅਦ 'ਚ ਉਸ ਨੂੰ ਲਾਹੌਰ ਸਥਿਤ ਉਸ ਦੀ ਰਿਹਾਇਸ਼ ਤੋਂ ਹਿਰਾਸਤ 'ਚ ਲੈ ਲਿਆ ਗਿਆ ਸੀ। ਪਾਰਟੀ ਨੇਤਾ ਫਾਰੂਖ ਹਬੀਬ ਨੇ ਟਵੀਟ ਕੀਤਾ, 'ਇਹ ਆਯਾਤ ਸਰਕਾਰ ਪਾਗਲ ਹੋ ਗਈ ਹੈ।' ਪਾਰਟੀ ਦੇ ਅਧਿਕਾਰਤ ਟਵਿੱਟਰ ਅਕਾਊਂਟ 'ਤੇ ਪੁਲਸ ਦੀਆਂ ਗੱਡੀਆਂ ਨੂੰ ਦਿਖਾਉਂਦੇ ਹੋਏ ਵੀਡੀਓ ਵੀ ਪੋਸਟ ਕੀਤੇ ਗਏ ਹਨ ਅਤੇ ਪਾਰਟੀ ਨੇ ਦਾਅਵਾ ਕੀਤਾ ਹੈ ਕਿ ਪੁਲਸ ਚੌਧਰੀ ਨੂੰ ਗ੍ਰਿਫਤਾਰ ਕਰ ਰਹੀ ਹੈ।

ਦੀ ਭੋਗਪੁਰ ਸਹਿਕਾਰੀ ਖੰਡ ਮਿੱਲਜ਼ ਲਿਮ. ਭੋਗਪੁਰ (ਜਲੰਧਰ)

ਸ਼ਾਰਟ ਟਰਮ ਸੀਲਬੰਦ ਟੈਂਡਰ ਨੋਟਿਸ

ਮਿੱਲ ਦੇ ਗੰਨਾ ਯਾਰਡ ਦੀ ਐਂਟਰੀ ਤੇ ਟੋਕਨ ਪੋਸਟ ਤੋਂ ਗੰਨੇ ਦੀਆਂ ਟਰਾਲੀਆਂ ਦੀ ਤੁਲਾਈ ਕਰਨ, ਟਰਾਲੀ ਖਾਲੀ ਕਰਨ ਉਪਰੰਤ ਤੁਲਾਈ ਕਰਕੇ, ਵਾਪਸ ਗੰਨਾਂ ਕਾਸ਼ਤਕਾਰ ਨੂੰ ਸੌਂਪਣ ਲਈ ਤਜਰਬੇਕਾਰ ਵਿਅਕਤੀਆਂ ਤੋਂ ਸੀਲਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਜਿਸ ਦੀਆਂ ਵਿਸਥਾਰ ਸਹਿਤ ਸ਼ਰਤਾਂ ਮਿੱਲ ਦੀ ਵੈਬਸਾਈਟ **www.bhogpurcsm.com** ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ, ਜਾਂ ਕਿਸੇ ਵੀ ਕੰਮ ਵਾਲੇ ਦਿਨ ਮਿੱਲ ਦਫਤਰ ਵਿੱਚੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਟੈਂਡਰ ਪ੍ਰਾਪਤ ਕਰਨ ਦੀ ਆਖਰੀ ਮਿਤੀ **03.02.2023** ਨੂੰ ਦੁਪਹਿਰ 2:00 ਵਜੇ ਤੱਕ ਹੋਵੇਗੀ ਜੋ ਕਿ ਮਿਤੀ **04.02.2023** ਨੂੰ ਸਵੇਰੇ 11:00 ਵਜੇ ਖੋਲੇ ਜਾਣਗੇ।

ਜਨਰਲ ਮੈਨੇਜਰ

ਇੰਸਟੀਚਿਊਟ ਆਫ ਮੈਂਟਲ ਹੈਲਥ
(ਸਰਕਾਰੀ ਮੈਂਟਲ ਹਸਪਤਾਲ), ਅੰਮ੍ਰਿਤਸਰ
ਫੋਨ ਨੰ. 0183-2423920, ਈ-ਮੇਲ : directorimhasr@yahoo.com

ਦੁਕਾਨਾਂ ਤੇ ਵ੍ਹੀਕਲ ਸਟੈਂਡ ਲਈ ਟੈਂਡਰ

ਹੇਠਾਂ ਦੱਸੀਆਂ ਦੁਕਾਨਾਂ ਤੇ ਵ੍ਹੀਕਲ ਸਟੈਂਡ ਲਈ ਨਾਮਵਰ ਬੋਲੀਦਾਤਿਆਂ ਨੂੰ ਮੋਹਰਬੰਦ ਟੈਂਡਰਾਂ ਦਾ ਸੱਦਾ ਦਿੱਤਾ ਜਾਂਦਾ ਹੈ–

- ਦੁਕਾਨ ਨੰ.6-ਡ੍ਰਾਈ ਕਲੀਨਿੰਗ
- ਦੁਕਾਨ ਨੰ.7-ਹੇਅਰ ਕਟਿੰਗ
- ਦੁਕਾਨ ਨੰ. 8-ਇੰਟਰਨੈੱਟ ਕੈਫੇ
- ਦੁਕਾਨ ਨੰ.9-ਜਨਰਲ ਮਰਕੇਂਡਾਈਜ਼ ਐਂਡ ਗ੍ਰੋਸਰੀ
- ਦੁਕਾਨ ਨੰ.10-ਪੀ. ਸੀ. ਓ. ਤੇ ਸਟੇਸ਼ਨਰੀ
- ਵ੍ਹੀਕਲ ਸਟੈਂਡ

ਆਮ ਨਿਯਮਾਂ ਤੇ ਸ਼ਰਤਾਂ ਸਮੇਤ ਦਸਤਾਵੇਜ਼ 500 ਰੁ. ਦਾ ਭੁਗਤਾਨ ਕਰ ਕੇ 16.02.2023 ਸ਼ਾਮ 5 ਵਜੇ ਤਕ ਜਾਂ ਪਹਿਲਾਂ ਨਿਮਨਹਸਤਾਖਰੀ ਦੇ ਦਫਤਰ ਤੋਂ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੇ ਜਾ ਸਕਦੇ ਹਨ ਜਾਂ ਅੰਮ੍ਰਿਤਸਰ ਵਿਖੇ ਭੁਗਤਾਨਯੋਗ ਡਾਇਰੈਕਟਰ ਇੰਸਟੀਚਿਊਟ ਆਫ ਮੈਂਟਲ ਹੈਲਥ, ਅੰਮ੍ਰਿਤਸਰ ਦੇ ਹੱਕ ਵਿਚ 530 ਰੁਪਏ ਦਾ ਡਿਮਾਂਡ ਡਰਾਫਟ ਭੇਜ ਕੇ ਡਾਕ ਰਾਹੀਂ ਮੰਗਵਾ ਸਕਦੇ ਹੋ। ਬੋਲੀਆਂ ਨਿਮਨਹਸਤਾਖਰੀ ਕੋਲ 17.02.2023 ਸਵੇਰੇ 11 ਵਜੇ ਤਕ ਜਾਂ ਪਹਿਲਾਂ ਪਹੁੰਚ ਜਾਣ, ਜਿਨ੍ਹਾਂ ਨੂੰ ਉਸੇ ਦਿਨ ਸਵੇਰੇ 11.30 ਵਜੇ ਖੋਲ੍ਹਿਆ ਜਾਵੇਗਾ।

ਡਾਇਰੈਕਟਰ ਆਈ. ਐੱਮ. ਐੱਚ.

ਬੈਂਕ ਆਫ ਬੜੌਦਾ
Bank of Baroda

ਜ਼ੈੱਡ. ਓ. ਐੱਸ. ਓ. ਆਰ. ਬੀ., ਐੱਸ. ਸੀ. ਓ. 905, ਦੂਜੀ ਮੰਜ਼ਿਲ, ਸੈਕਟਰ-13, ਮਨੀਮਾਜਰਾ, ਚੰਡੀਗੜ੍ਹ-160101

ਇੱਥੇ ਸਕੈਨ ਕਰੋ
ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ

ਈ-ਨਿਲਾਮੀ ਵਿਕਰੀ ਨੋਟਿਸ

ਅਨੈਕਸਚਰ-ਈ
ਜਾਇਦਾਦਾਂ ਦੀ ਵਿਕਰੀ ਲਈ ਨੋਟਿਸ
ਅਪੈਂਡਿਕਸ-IV-A (ਰੂਲ 6(2) ਤੇ 8(6) ਦੇ ਪ੍ਰੋਵਿਜ਼ੋ ਦੇਖੋ)

ਸਕਿਓਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 6(2) ਤੇ 8(6) ਦੇ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਜਨਤਾ ਨੂੰ ਆਮ ਤੌਰ 'ਤੇ ਅਤੇ ਕਰਜ਼ਦਾਰ (ਾਂ), ਮਾਰਟਗੇਜਰ (ਾਂ) ਅਤੇ ਗਾਰੰਟਰ (ਾਂ) ਨੂੰ ਖਾਸ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਸੁਰੱਖਿਅਤ ਲੈਣਦਾਰ ਨਾਲ ਮਾਰਟਗੇਜਡ/ਚਾਰਜਡ ਹੇਠਾਂ ਦੱਸੀ ਅਚੱਲ ਜਾਇਦਾਦ, ਜਿਸ ਦਾ ਕਬਜ਼ਾ ਬੈਂਕ ਆਫ ਬੜੌਦਾ ਦੇ ਅਧਿਕਾਰਤ ਅਧਿਕਾਰੀ, ਸੁਰੱਖਿਅਤ ਲੈਣਦਾਰ ਵਲੋਂ ਲੈ ਲਿਆ ਗਿਆ ਹੈ, ਦੀ ਵਿਕਰੀ ਹੇਠਾਂ ਦੱਸੇ ਖਾਤੇ/ਖਾਤਿਆਂ ਦੇ ਬਕਾਏ ਦੀ ਵਸੂਲੀ ਲਈ 'ਜਿਵੇਂ ਹੈ ਜਿੱਥੇ ਹੈ', 'ਜਿਵੇਂ ਹੈ ਜੋ ਹੈ' ਅਤੇ 'ਜੋ ਵੀ ਹੈ' 'ਤੇ ਕਰ ਦਿੱਤੀ ਜਾਵੇਗੀ। ਕਰਜ਼ਦਾਰ (ਾਂ)/ਮਾਰਟਗੇਜਰ(ਾਂ)/ਗਾਰੰਟਰ(ਾਂ)/ਸੁਰੱਖਿਅਤ ਅਸਾਸੇ/ਅਸਾਸਿਆਂ, ਬਕਾਏ/ਰਾਖਵੀਂ ਕੀਮਤ/ਈ-ਨਿਲਾਮੀ ਦੀ ਮਿਤੀ ਤੇ ਸਮਾਂ, ਈ. ਐੱਮ. ਡੀ. ਤੇ ਵਧੀ ਹੋਈ ਬੋਲੀ ਰਕਮ ਬਾਰੇ ਹੇਠਾਂ ਵਰਣਨ ਕੀਤਾ ਗਿਆ ਹੈ—

ਲੜੀ ਨੰ.	ਕਰਜ਼ਦਾਰ (ਾਂ)/ਗਾਰੰਟਰ (ਾਂ) ਦਾ ਨਾਂ ਤੇ ਪਤਾ	ਜਾਣੂ ਭੰਜਟਾਂ, ਜੇ ਕੋਈ ਸਮੇਤ ਚੱਲ/ਅਚੱਲ ਜਾਇਦਾਦ ਦਾ ਵੇਰਵਾ	ਕੁਲ ਬਕਾਏ	ਈ-ਨਿਲਾਮੀ ਦੀ ਮਿਤੀ ਤੇ ਸਮਾਂ	ਰਾਖਵੀਂ ਕੀਮਤ / ਈ. ਐੱਮ. ਡੀ. / ਵਧੀ ਹੋਈ ਬੋਲੀ ਰਕਮ	ਕਬਜ਼ੇ ਦੀ ਸਥਿਤੀ (ਰਚਨਾਤਮਕ/ਦਸਤੀ)
1.	ਕਰਜ਼ਦਾਰ : ਮੈਸਰਜ਼ ਪਰੀ ਇੰਡੀਆ, ਪਿੰਡ ਤੇ ਡਾਕਖਾਨਾ ਮਹਿਲਾਂਵਾਲਾ, ਅਜਨਾਲਾ ਰੋਡ, ਅੰਮ੍ਰਿਤਸਰ (ਪੰਜਾਬ) (1) ਤੁਸ਼ਾਰ ਸਚਦੇਵਾ, (2) ਰਿਧੀ ਸਚਦੇਵਾ (ਦੋਵੇਂ ਪਾਰਟਨਰ ਤੇ ਗਾਰੰਟਰ), (ਏ) ਅਸ਼ੋਕ ਸਚਦੇਵਾ ਪੁੱਤਰ ਚਿਮਨ ਲਾਲ ਸਚਦੇਵਾ, (ਬੀ) ਇੰਦੂ ਸਚਦੇਵਾ ਪਤਨੀ ਅਸ਼ੋਕ ਸਚਦੇਵਾ, (ਸੀ) ਵਨੀਤਾ ਸਚਦੇਵਾ ਪਤਨੀ ਸਵ. ਵਿਨੋਦ ਸਚਦੇਵਾ, (ਡੀ) ਸਵ. ਵਿਨੋਦ ਸਚਦੇਵਾ ਕਾਨੂੰਨੀ ਵਾਰਿਸਾਂ–(i) ਵਨੀਤਾ ਸਚਦੇਵਾ, (ii) ਵਿਨੀਤ ਸਚਦੇਵਾ, (iii) ਵਰੁਣ ਸਚਦੇਵਾ, (iv) ਵਾਣੀ ਸਚਦੇਵਾ (ਸਾਰੇ ਗਾਰੰਟਰ ਮੈਸਰਜ਼ ਪਰੀ ਇੰਡੀਆ) ਰਾਹੀਂ।	308 ਮਰਲੇ ਦੀ ਪੈਮਾਇਸ਼ ਵਾਲੀ ਜ਼ਮੀਨ ਤੇ ਇਮਾਰਤ ਦਾ ਉਚਿਤ ਗਿਰਵੀਨਾਮਾ, ਜੋ ਪਿੰਡ ਢਾਬਾ ਸੰਗਰਾਣਾ ਸਾਹਿਬ, ਤਰਨਤਾਰਨ ਰੋਡ, ਅੰਮ੍ਰਿਤਸਰ ਵਿਖੇ ਸਥਿਤ ਹੈ। ਇਸ ਦਾ ਖਸਰਾ ਨੰ. 29//19/2(2-10), 21/1(2-19), 22/2(1-16), 20/3(5-18), 28//16/2(2-5), ਖਾਤਾ-ਖਤੌਨੀ ਨੰ. 184/298, 686/1034 ਹੈ ਅਤੇ ਸੇਲ ਡੀਡ ਬੇਅਰਿੰਗ ਨੰ. ਕ੍ਰਮਵਾਰ 10695 ਤੇ 11076 ਮਿਤੀ 06.11.2008 ਤੇ 17.11.2008 ਰਾਹੀਂ ਤੁਸ਼ਾਰ ਸਚਦੇਵਾ ਦੇ ਨਾਂ 'ਤੇ ਸਥਿਤ ਹੈ।	ਰੁ. 20,05,76,706+ ਵਿਆਜ ਤੇ ਹੋਰ ਚਾਰਜਿਜ਼ 09.12.2016 ਤੋਂ (-) ਵਸੂਲੀ ਜੇ ਕੋਈ।	20.02.2023 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ ਤਕ	ਰੁ. 2,90,00,000 / ਰੁ. 29,00,000 / ਰੁ. 1,00,000	ਦਸਤੀ ਕਬਜ਼ਾ
2.	ਕਰਜ਼ਦਾਰ : ਮੈਸਰਜ਼ ਪ੍ਰਗਤੀ ਟਾਵਰਜ਼ ਕਾਰਪੋਰੇਸ਼ਨ (ਮਾਲਕ-ਅਸ਼ੋਕ ਕੁਮਾਰ), ਜੇ 57, ਵਸੰਤ ਵਿਹਾਰ, ਹੁਸ਼ਿਆਰਪੁਰ, ਪੰਜਾਬ ਵਿਖੇ ਸਥਿਤ ਹੈ। (i) ਅਸ਼ੋਕ ਕੁਮਾਰ ਪੁੱਤਰ ਕਿਸ਼ੋਰੀ ਲਾਲ, ਪ੍ਰਗਤੀ ਕਾਟੇਜ, ਪ੍ਰਗਤੀ ਐਨਕਲੇਵ ਸਿੱਖ ਲਾਈਨ, ਹੁਸ਼ਿਆਰਪੁਰ, ਪੰਜਾਬ-146001 (ਮਾਲਕ ਤੇ ਗਾਰੰਟਰ), (ii) ਅਮਰਜੀਤ ਕੌਰ ਪਤਨੀ ਅਸ਼ੋਕ ਕੁਮਾਰ, ਪ੍ਰਗਤੀ ਕਾਟੇਜ, ਪ੍ਰਗਤੀ ਐਨਕਲੇਵ ਸਿੱਖ ਲਾਈਨ, ਹੁਸ਼ਿਆਰਪੁਰ, ਪੰਜਾਬ-146001 (ਗਾਰੰਟਰ), (iii) ਅਨਿਲ ਕੁਮਾਰ ਪੁੱਤਰ ਕਿਸ਼ੋਰੀ ਲਾਲ ਬਿਮਲਾ, ਅਲਾਵਲਪੁਰ ਰੋਡ, ਆਦਮਪੁਰ, ਜ਼ਿਲਾ ਜਲੰਧਰ-144102 (ਗਾਰੰਟਰ)।	182 ਮਰਲੇ ਦੀ ਪੈਮਾਇਸ਼ ਵਾਲੀ ਜਾਇਦਾਦ ਦਾ ਸਾਰਾ ਅਹਿਮ ਹਿੱਸਾ, ਜਿਸ ਦਾ ਵੇਰਵਾ ਇਸ ਹੈ–(1) 18 ਮਰਲੇ ਦੀ ਪੈਮਾਇਸ਼ ਵਾਲਾ ਪਲਾਟ, ਜਿਸ ਦੇ ਖਸਰਾ ਨੰ. 4042/1369(1-12), 4041/1369(5-18), ਖਾਤਾ ਨੰ. 1170/1445-1448 ਹੈ। ਇਹ ਜਾਇਦਾਦ ਸੇਲ ਡੀਡ ਨੰ. 3174, ਬਹੀ ਨੰ.1, ਜਿਲਦ ਨੰ. 2292, ਪੇਜ ਨੰ. 97 ਮਿਤੀ 22.08.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਸ਼ੋਕ ਕੁਮਾਰ ਪੁੱਤਰ ਕਿਸ਼ੋਰੀ ਲਾਲ ਦੇ ਨਾਂ 'ਤੇ ਹੈ। (2) 1 ਕਨਾਲ 5 ਮਰਲੇ ਦੀ ਪੈਮਾਇਸ਼ ਵਾਲੀ ਜਾਇਦਾਦ, ਜਿਸ ਦਾ ਖਸਰਾ ਨੰ. 4043/1369(6-5), ਖਾਤਾ ਨੰ. 1170/1495 ਹੈ। ਇਹ ਜਾਇਦਾਦ ਸੇਲ ਡੀਡ ਨੰ. 2044, ਜਿਲਦ ਨੰ. 2281, ਬਹੀ ਨੰ.1, ਪੇਜ ਨੰ. 67, ਮਿਤੀ 26.06.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਸ਼ੋਕ ਕੁਮਾਰ ਪੁੱਤਰ ਕਿਸ਼ੋਰੀ ਲਾਲ ਦੇ ਨਾਂ 'ਤੇ ਹੈ। (3) 1 ਕਨਾਲ 5 ਮਰਲੇ ਦੀ ਪੈਮਾਇਸ਼ ਵਾਲੀ ਜਾਇਦਾਦ, ਜਿਸ ਦਾ ਖਸਰਾ ਨੰ. 4043/1369(6-5), ਖਾਤਾ ਨੰ. 1170/1495 ਹੈ। ਇਹ ਜਾਇਦਾਦ ਸੇਲ ਡੀਡ ਨੰ. 2043, ਜਿਲਦ ਨੰ. 2281, ਬਹੀ ਨੰ.1, ਪੇਜ ਨੰ. 66, ਮਿਤੀ 26.06.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਸ਼ੋਕ ਕੁਮਾਰ ਪੁੱਤਰ ਕਿਸ਼ੋਰੀ ਲਾਲ ਦੇ ਨਾਂ 'ਤੇ ਹੈ। (4) 10 ਮਰਲੇ ਦੀ ਪੈਮਾਇਸ਼ ਵਾਲਾ ਪਲਾਟ, ਜਿਸ ਦਾ ਖਸਰਾ ਨੰ. 4043/1369(6-5), ਖੇਵਟ ਨੰ. 1121/1461 ਹੈ। ਇਹ ਜਾਇਦਾਦ ਸੇਲ ਡੀਡ ਨੰ. 432, ਜਿਲਦ ਨੰ. 2265, ਬਹੀ ਨੰ.1, ਪੇਜ ਨੰ. 55, ਮਿਤੀ 23.04.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਮਰਜੀਤ ਕੌਰ ਪਤਨੀ ਅਸ਼ੋਕ ਕੁਮਾਰ ਦੇ ਨਾਂ 'ਤੇ ਹੈ। (5) 1 ਕਨਾਲ 18 ਮਰਲੇ ਦੀ ਪੈਮਾਇਸ਼ ਵਾਲੀ ਜਾਇਦਾਦ, ਜਿਸ ਦਾ ਖਸਰਾ ਨੰ. 4042/1369(1-12), 4041/1369(5-18), ਖਾਤਾ ਨੰ. 1170/1445-1448 ਹੈ। ਇਹ ਜਾਇਦਾਦ ਸੇਲ ਡੀਡ ਨੰ. 3475, ਜਿਲਦ ਨੰ. 2295, ਬਹੀ ਨੰ.1, ਪੇਜ ਨੰ. 98, ਮਿਤੀ 05.09.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਮਰਜੀਤ ਕੌਰ ਪਤਨੀ ਅਸ਼ੋਕ ਕੁਮਾਰ ਦੇ ਨਾਂ 'ਤੇ ਹੈ। (6) 1 ਕਨਾਲ 5 ਮਰਲੇ ਦੀ ਪੈਮਾਇਸ਼ ਵਾਲੀ ਜਾਇਦਾਦ, ਜਿਸ ਦਾ ਖਸਰਾ ਨੰ. 4043/1369(6-5), ਖੇਵਟ ਨੰ. 1170/1494 ਹੈ। ਇਹ ਜਾਇਦਾਦ ਸੇਲ ਡੀਡ ਨੰ. 2046, ਜਿਲਦ ਨੰ. 2281, ਬਹੀ ਨੰ.1, ਪੇਜ ਨੰ. 69, ਮਿਤੀ 26.06.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਮਰਜੀਤ ਕੌਰ ਪਤਨੀ ਅਸ਼ੋਕ ਕੁਮਾਰ ਦੇ ਨਾਂ 'ਤੇ ਹੈ। (7) 1 ਕਨਾਲ 4 ਮਰਲੇ ਦੀ ਪੈਮਾਇਸ਼ ਵਾਲੀ ਜਾਇਦਾਦ, ਜਿਸ ਦਾ ਖਸਰਾ ਨੰ. 4043/1369(6-5), ਖਾਤਾ ਨੰ. 1170/1494 ਹੈ। ਇਹ ਜਾਇਦਾਦ ਸੇਲ ਡੀਡ ਨੰ. 2045, ਜਿਲਦ ਨੰ. 2281, ਬਹੀ ਨੰ.1, ਪੇਜ ਨੰ. 68, ਮਿਤੀ 26.06.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਨਿਲ ਕੁਮਾਰ ਪੁੱਤਰ ਕਿਸ਼ੋਰੀ ਲਾਲ ਦੇ ਨਾਂ 'ਤੇ ਹੈ। (8) 17 ਮਰਲੇ ਦੀ ਪੈਮਾਇਸ਼ ਵਾਲੀ ਜਾਇਦਾਦ, ਜਿਸ ਦਾ ਖਸਰਾ ਨੰ. 4042/1369(1-12), 4041/1369(5-18), ਖਾਤਾ ਨੰ. 1170/1445-1448 ਹੈ। ਇਹ ਜਾਇਦਾਦ ਸੇਲ ਡੀਡ ਨੰ. 3173, ਜਿਲਦ ਨੰ. 2292, ਬਹੀ ਨੰ.1, ਪੇਜ ਨੰ. 96 ਮਿਤੀ 22.08.2003 ਰਾਹੀਂ ਪਿੰਡ ਪ੍ਰੇਮਗੜ੍ਹ, ਹਦਬਸਤ ਨੰ. 247, ਤਹਿਸੀਲ ਤੇ ਜ਼ਿਲਾ ਹੁਸ਼ਿਆਰਪੁਰ ਵਿਖੇ ਅਨਿਲ ਕੁਮਾਰ ਪੁੱਤਰ ਕਿਸ਼ੋਰੀ ਲਾਲ ਦੇ ਨਾਂ 'ਤੇ ਹੈ।	ਰੁ. 3,01,99,473- ਵਿਆਜ ਤੇ ਹੋਰ ਚਾਰਜਿਜ਼ 14.06.2017 ਤੋਂ (-) ਵਸੂਲੀ ਜੇ ਕੋਈ।	20.02.2023 ਬਾ. ਦੁ. 2 ਵਜੇ ਤੋਂ ਸ਼ਾਮ 6 ਵਜੇ ਤਕ	ਰੁ. 90,50,000 / ਰੁ. 9,05,500 / ਰੁ. 50,000	ਦਸਤੀ ਕਬਜ਼ਾ

ਸਬੰਧਤ ਵਿਅਕਤੀ ਦਾ ਨਾਂ ਤੇ ਸੰਪਰਕ ਨੰਬਰ : ਰਵੀਸ਼ ਕੁਮਾਰ ਚੌਧਰੀ, ਚੀਫ ਮੈਨੇਜਰ, ਜ਼ੋਸਰਬ, ਚੰਡੀਗੜ੍ਹ. ਮੋ. : 7015852812

ਈ. ਐੱਮ. ਡੀ. ਪੇਸ਼ ਕਰਨ ਦੀ ਅੰਤਿਮ ਮਿਤੀ : 20.02.2023 ਬਾ. ਦੁ. 1 ਵਜੇ, ਈ-ਨਿਲਾਮੀ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 20.02.2023 ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤਕ, ਜਾਇਦਾਦ ਦੀ ਜਾਂਚ ਦੀ ਮਿਤੀ ਤੇ ਸਮਾਂ : 15.02.2023 ਤੇ 16.02.2023 ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤਕ, ਈ. ਐੱਮ. ਡੀ. ਦੇ ਭੁਗਤਾਨ ਦਾ ਢੰਗ : ਐੱਨ. ਈ. ਐੱਫ. ਟੀ.

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਤੇ ਸ਼ਰਤਾਂ ਲਈ ਕਿਰਪਾ ਕਰ ਕੇ https://www.bankofbaroda.in/e-auction.htm ਤੇ https://ibapi.in 'ਤੇ ਦਿੱਤੇ ਗਏ ਲਿੰਕ 'ਤੇ ਵਿਜ਼ਿਟ ਕਰੋ।

ਇਸ ਨੂੰ ਸਾਰਫਾਇਸੀ ਐਕਟ 2002 ਤਹਿਤ 15 ਦਿਨਾ ਕਾਨੂੰਨੀ ਵਿਕਰੀ ਨੋਟਿਸ ਸਮਝਿਆ ਜਾਵੇ

ਮਿਤੀ : 25.01.2023 ਸਥਾਨ : ਚੰਡੀਗੜ੍ਹ ਅਧਿਕਾਰਤ ਅਫਸਰ

ਉੱਤਰ ਰੇਲਵੇ

G20

ਈ-ਟੈਂਡਰ ਸੂਚਨਾ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

ਸੀਨੀਅਰ ਮੰਡਲ ਇੰਜੀਨੀਅਰ ਪਹਿਲੀ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ **15.02.2023** ਵਕਤ 15.00 ਵਜੇ ਤਕ **www.ireps.gov.in** ਉਤੇ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰਾਂ ਨੂੰ ਕੇਵਲ ਆਈਆਰਈਪੀਐਸ ਪੋਰਟਲ ਉਤੇ ਉਪਲਬਧ ਭੁਗਤਾਨ ਮੋਡ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰਨ ਦੀ ਅਨੁਮਤੀ ਹੈ। ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ।

ਟੈਂਡਰ ਪ੍ਰਕਾਰ	ਟੈਂਡਰ ਅਨੁਭਾਗ	ਬੋਲੀ ਪ੍ਰਣਾਲੀ	ਟੈਂਡਰ ਅਪਲੋਡ ਕਰਨ ਦੀ ਮਿਤੀ	ਬੋਲੀ ਸ਼ੁਰੂ ਦੀ ਮਿਤੀ	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ
ਖੁਲੀ	ਕੰਮ	ਏਕਲ ਬੋਲੀ ਪ੍ਰਣਾਲੀ	24.01.2023	01.02.2023	15.02.2023 15:00 Hrs

ਨੰ:	ਟੈਂਡਰ ਨੰ: ਮਿਤੀ	ਟੈਂਡਰ ਦਾ ਵੇਰਵਾ	ਵਿਗਿਆਪਨ ਮੁਲ (ਰੁ:)	ਆਫਰ ਦੀ ਵੈਧਤਾ	ਪੂਰਾ ਕਰਨ ਦਾ ਸਮਾਂ
1	408-2022-23-ADEN-LDH	ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ PGW-NSS-JJJ ਸੈਕਸ਼ਨ ਵਿਚ 450 ਮਿਮੀ ਬਯਾਸ ਡੀ ਆਈ ਦੀ ਕਰੋਸਿੰਗ 900 ਮਿਮੀ ਬਯਾਸ ਡੀ ਆਈ ਤੋਂ ਗੁਜਰਨ ਵਾਲੀ ਜਲਆਪੂਰਤੀ ਪਾਇਪ ਲਾਇਨ ਕਰਨ ਦਾ ਕੰਮ।	2354223.14	60 ਦਿਨ	03 ਮਹੀਨੇ
2	409-2022-23-Sr.DEN-I/FZR	ਸਹਾਇਕ ਮੰਡਲ ਇੰਜੀਨੀਅਰ-I ਦੇ ਅਧਿਕਾਰ ਖੇਤਰ ਵਿਚ PGW-NSS-JJJ ਸੈਕਸ਼ਨ ਵਿਚ ਪੁਲ ਨੰਬਰ 69, 100 ਅਤੇ 101 FZP-FKA ਸੈਕਸ਼ਨ ਵਿਚ ਪੁਲ ਨੰਬਰ 50 ਅਤੇ PHR-LNK ਸੈਕਸ਼ਨ ਵਿਚ ਪੁਲ ਨੰਬਰ 1 ਦਾ ਪ੍ਰਤੀਸਥਾਪਨ / ਪੁਨਰਨਿਰਮਾਣ ਕਰਨ ਦਾ ਕੰਮ।	20006452.77	60 ਦਿਨ	12 ਮਹੀਨੇ
3	410-2022-23-ADEN-LDH	ਸਹਾਇਕ ਮੰਡਲ ਇੰਜੀਨੀਅਰ-ਲੁਧਿਆਣਾ ਦੇ ਅਧਿਕਾਰ ਖੇਤਰ ਵਿਚ SNL-JUC ਖੰਡ ਉਤੇ ਪੈਂਦੇ DDL, GRY, LDW, LDH, PGW, PHR ਅਤੇ SNL ਸਟੇਸ਼ਨ ਉਤੇ ਟੀਬੀਆਰ 40.043 ਕਿ.ਮੀ. ਦੇ ਸਬੰਧ ਵਿਚ ਵਿਵਿਧ ਟ੍ਰੈਕ ਦੇ ਰੱਖ-ਰੱਖਾਵ, ਉਪਕਰ ਅਤੇ ਟ੍ਰੈਕ ਦੀ ਡੀਪ ਸਕਰੀਨਿੰਗ ਦਾ ਕੰਮ ਅਤੇ ਪੀਐਸਈਬੀ ਸਾਈਡਿੰਗ ਦਾ ਸੀਟੀਆਰ (S) 3.966 ਕਿਮੀ ਕਰਨ ਦਾ ਕੰਮ ਅਤੇ LDH, DDL, PHR ਅਤੇ PGW ਯਾਰਡ ਵਿਚ ਟੀਆਰਆਰ (S) 5.618KM ਅਤੇ ਸੀਟੀਆਰ (S) 16.211 ਦੇ ਸਬੰਧ ਵਿਚ ਕੰਮ ਕਰਨਾ।	22846784.38	60 ਦਿਨ	12 ਮਹੀਨੇ
4	411-2022-23-ADEN-II-FZR	ਸਹਾਇਕ ਮੰਡਲ ਇੰਜੀਨੀਅਰ-2 ਫਿਰੋਜ਼ਪੁਰ ਦੇ ਅਧਿਕਾਰ ਖੇਤਰ ਵਿਚ ਬਿਲਗਾ, ਨੂਰਮਹਲ, ਮਲਸਿਯਾਨ ਸ਼ਾਹਕੋਟ ਅਤੇ ਨਕੋਦਰ ਸਟੇਸ਼ਨਾਂ (4 ਸਟੇਸ਼ਨਾਂ) ਉਤੇ ਪੈਨਲ ਇੰਟਰਲਾਕਿੰਗ ਦੇ ਨਾਲ ਸਿਗਨਲਿੰਗ ਦਾ ਅਲਵਾਵ ਅਤੇ ਉਨਨਯਨ ਕਰਨ ਦਾ ਕੰਮ।	20556075.26	60 ਦਿਨ	09 ਮਹੀਨੇ
5	412-2022-23-Sr.DEN-I FZR	ਸਹਾਇਕ ਖੰਡ ਇੰਜੀਨੀਅਰ-I ਦੇ ਅਧਿਕਾਰ ਖੇਤਰ ਵਿਚ 14 No ਸਮਪਾਰ ਬੁਨਿਆਦੀ ਸੰਰਚਨਾ ਵਿਚ ਸੁਧਾਰ ਕਰਨ ਦਾ ਕੰਮ।	18147102.83	60 ਦਿਨ	06 ਮਹੀਨੇ

Tender Notice No:- 770-W/169/WA-1/FZR/408-2022-23-ADEN-LDH, 409-2022-23-Sr.DEN-I/FZR, 410-2022-23 ADEN-LDH 411-2022-23-ADEN-II/FZR & 412-2022-23-Sr.DEN-I/FZR. 264/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ